**‘ਸਾਰੇ ਸਿਖਾਂ ਨੂੰ ਮਾਰ ਦਿਓ’-ਕਾਂਗਰਸ ਹੈਡਕੁਆਟਰ ਤੋਂ ਆਏ ਸੀ ਆਦੇਸ਼-**

ਚਸ਼ਮਦੀਦ ਗਵਾਹ ਵਲੋਂ ਖੁਲਾਸਾ

ਨਿਊਯਾਰਕ, 26 ਫਰਵਰੀ 2011-

ਸਿਖਸ ਫਾਰ ਜਸਟਿਸ ਨੂੰ ਕਾਂਗਰਸ ਦੇ ਸਾਬਕਾ ਵਿਦਿਆਰਥੀ ਆਗੂ , ਜੋ 31 ਅਕਤੂਬਰ 1984 ਨੂੰ ਅਕਬਰ ਰੋਡ ਦਿੱਲੀ ਵਿਖੇ ਕਾਂਗਰਸ ਦੇ ਉਸ ਨਾਪਾਕ ਇਰਾਦੇ ਵਾਲੀ ਮੀਟਿੰਗ ਵਿਚ ਸ਼ਾਮਿਲ ਹੋਇਆ ਸੀ ਜਿਸ ਵਿਚ ਕਾਂਗਰਸੀ ਆਗੂਆਂ ਨੇ ਸਿਖਾਂ ਨੂੰ ਸਮੁੱਚੇ ਭਾਰਤ ਵਿਚ ਮਾਰ ਮੁਕਾਉਣ ਦੀ ਸਾਜਿਸ਼ ਰਚੀ ਸੀ, ਦਾ ਸਹੁ ਖਾ ਕੇ ਦਿੱਤਾ ਹੋਇਆ ਇਕ ਬਿਆਨ ਹੱਥ ਲੱਗਾ ਹੈ।

ਹਾਲ ਵਿਚ ਹੀ ਹਰਿਆਣਾ ਦੇ ਰੇਵਾੜ ਜਿਲੇ ਵਿਚ ਪਿੰਡ ਹੋਂਦ ਚਿਲੜ ਵਿਚ ਸਿਖਾਂ ਦੇ ਵਿਆਪਕ ਕਤਲੇਆਮ ਦਾ ਹਾਲ ਵਿਚ ਹੀ ਪਤਾ ਲੱਗਣ ਅਤੇ ਕਾਂਗਰਸੀ ਆਗੂ ਤੇ ਉਦੋਂ ਦੇ ਹਰਿਆਣਾ ਦੇ ਮੁੱਖ ਮੰਤਰੀ ਭਜਨ ਲਾਲ ਦੀ ਹਰਿਆਣਾ ਵਿਚ ਸਿਖਾਂ ਦੇ ਕਤਲੇਆਮ ਵਿਚ ਸਿੱਧੀ ਸ਼ਮੂਲੀਅਤ ਦੀਆਂ ਖਬਰਾਂ ਦੇ ਨਸ਼ਰ ਹੋਣ ਤੋਂ ਬਾਅਦ ਇਹ ਬਿਆਨ ਸਿਖਸ ਫਾਰ ਜਸਟਿਸ ਨੂੰ ਮਿਲਿਆ ਹੈ।

ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ ਨਾਲ ਤੇ ਸਹੁ ਖਾ ਕੇ ਦਿੱਤਾ ਗਿਆ ਉਕਤ ਬਿਆਨ ਇਸ ਤਰਾਂ ਹੈ-

‘ਮੈਂ ਕਾਲਜ ਦਿਨਾਂ ਤੋਂ ਹੀ ਕਾਂਗਰਸ (ਆਈ) ਪਾਰਟੀ ਨਾਲ ਜੁੜਿਆ ਹੋਇਆ ਸੀ। 1974 ਵਿਚ ਮੇਰੀ ਪਾਰਟੀ ਦੀ ਮਦਦ ਨਾਲ ਮੈਂ ਕਾਲਜ ਦੀ ਵਿਦਿਆਰਥੀ ਜਥੇਬੰਦੀ ਦੀ ਪ੍ਰਧਾਨਗੀ ਦੀ ਚੋਣ ਲੜੀ ਸੀ ਤੇ ਇਸ ਬਾਅਦ ਮੈਂ ਪਾਰਟੀ ਦੀਆਂ ਰੈਲੀਆਂ ਵਿਚ ਲਗਾਤਾਰ ਸ਼ਾਮਿਲ ਹੋਇਆ ਕਰਦਾ ਸੀ।

31 ਅਕਤੂਬਰ 1984 ਨੂੰ ਸ੍ਰੀਮਤੀ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਕਾਂਗਰਸ (ਆਈ) ਦੇ ਆਗੂਆਂ ਨੇ 24 ਅਕਬਰ ਰੋਡ ਨਵੀਂ ਦਿੱਲੀ ਸਥਿਤ ਹੈਡ ਦਫਤਰ ਵਿਚ ਇਕ ਮੀਟਿੰਗ ਬੁਲਾਈ। ਮੈਂ ਵੀ ਉਸ ਮੀਟਿੰਗ ਵਿਚ ਗਿਆ ਜਿਸ ਵਿਚ ਜਗਦੀਸ਼ ਟਾਈਟਲਰ, ਸਜਣ ਕੁਮਾਰ, ਲਲਿਤ ਮਾਕਨ, ਐਚ ਕੇ ਐਲ ਭਗਤ ਤੇ ਅਜਿਹੇ ਸਾਰੇ ਆਗੂ ਸ਼ਾਮਿਲ ਸਨ।

ਇਨ੍ਹਾਂ ਅਗੂਆਂ ਨੇ ਇਕ ਸਹਿਮਤੀ ਬਣਾਈ ਤੇ ਮੀਟਿੰਗ ਵਿਚ ਸ਼ਾਮਿਲ ਸਾਰੇ ਆਗੂਆਂ ਲਈ ਐਲਾਨ ਜਾਰੀ ਕੀਤਾ ਕਿ ਅਸੀਂ ਸ੍ਰੀਮਤੀ ਇੰਦਰਾ ਗਾਂਧੀ ਦੀ ਮੌਤ ਦਾ ਬਦਲਾ ਲਵਾਂਗੇ। ਉਨ੍ਹਾਂ ਨੇ ਮੈਂਬਰਾਂ ਨੂੰ ਭੜਕਾਇਆ ਕਿ ਸਿਖਾਂ ਨੇ ਇੰਦਰਾ ਗਾਂਧੀ ਦਾ ਕਤਲ ਕੀਤਾ ਹੈ ਤੇ ਸਾਨੂੰ ਵੀ ਸਾਰੇ ਸਿਖਾਂ ਨੂੰ ਮਾਰ ਮੁਕਾਉਣਾ ਚਾਹੀਦਾ ਹੈ ਤੇ ਉਨ੍ਹਾਂ ਨੇ ਘਰ ਤੇ ਜਾਇਦਾਦਾਂ ਨੂੰ ਸਾੜ ਦਿੱਤਾ ਜਾਣਾ ਚਾਹੀਦਾ ਹੈ। ਉਹ ਸਿਖਾਂ ਖਿਲਾਫ ਸਾਜਿਸ਼ ਰਚ ਰਹੇ ਸੀ ਜਿਸ ਨੂੰ ਮੈਂ ਬਰਦਾਸ਼ਤ ਨਹੀਂ ਕਰ ਸਕਿਆ----------’

ਸਿਖਸ ਫਾਰ ਜਸਟਿਸ ਨੂੰ ਇਕ ਹੋਰ ਗਵਾਹ ਤੋਂ ਹਲਫੀਆ ਬਿਆਨ ਪ੍ਰਾਪਤ ਹੋਇਆ ਹੈ ਜਿਸ ਨੇ ਇਸ ਗਲ ਦੀ ਤਸਦੀਕ ਕੀਤੀ ਹੈ ਕਿ ਹਰਿਆਣਾ ਦੀ ਪੁਲਿਸ ਨੇ ਨਵੰਬਰ 1984 ਵਿਚ ਸਿਖਾਂ ਦਾ ਕਤਲ ਕੀਤਾ ਤੇ ਸਿਖਾਂ ’ਤੇ ਹੋਏ ਹਮਲਿਆਂ ਵਿਚ ਸ਼ਮੂਲੀਅਤ ਕੀਤੀ। ਗਵਾਹ ਅਨੁਸਾਰ-

2 ਨਵੰਬਰ 1984 ਨੂੰ ਇਕ ਵਾਰ ਫੇਰ ਸਵੇਰੇ 11 ਵਜੇ ਇਕ ਰੇਲ ਗੱਡੀ ਆਈ ਤੇ ਸਾਡੀ ਕਾਲੋਨੀ ਦੇ ਨਾਲ ਲਗਦੀ ਪਟੜੀ ’ਤੇ ਖਲੋ ਗਈ ਜਿਸ ਵਿਚੋਂ ਵੱਡੀ ਗਿਣਤੀ ਵਿਚ ਗੁਜਰ ਉਤਰੇ। ਇਨ੍ਹਾਂ ਦੀ ਗਿਣਤੀ ਹਜ਼ਾਰਾਂ ਵਿਚ ਸੀ ਤੇ ਇਹ ਸਾਰੇ ਲਾਠੀਆਂ ਤੇ ਲੋਹੇ ਦੀਆਂ ਰਾਡਾਂ ਨਾਲ ਲੈਸ ਸਨ। ਇਨ੍ਹਾਂ ਨੇ ਤੁਰੰਤ ਵੱਖ ਵੱਖ ਗਰੁੱਪ ਬਣਾਏ ਤੇ ਸਿਖਾਂ ਤੇ ਉਨ੍ਹਾਂ ਦਾ ਸੰਪਤੀ ਨੂੰ ਸਾੜਣਾ ਲੁੱਟਣਾ ਸ਼ੁਰੂ ਕਰ ਦਿੱਤਾ। ਇਸ ਭੀੜ ਦੇ ਇਕ ਗੁਜਰ ਨੂੰ ਮੈਂ ਅਤੇ ਕੁਝ ਹੋਰ ਸਿਖਾਂ ਨੇ ਕਾਬੂ ਕਰ ਲਿਆ ਫੜੇ ਜਾਣ ਤੋਂ ਬਾਅਦ ਉਸ ਕੋਲੋਂ ਹਰਿਆਣਾ ਪੁਲਿਸ ਦਾ ਇਕ ਪਛਾਣ ਪੱਤਰ ਮਿਲਿਆ ਜਿਸ ਤੋਂ ਇਹ ਸਪਸ਼ਟ ਸਾਬਿਤ ਹੁੰਦਾ ਸੀ ਕਿ ਉਕਤ ਭੀੜ ਵਿਚ ਹਰਿਆਣਾ ਦੇ ਕਰਨਾਲ ਨੇੜਲੇ ਮਧੂਬਨ ਪੁਲਿਸ ਸਿਖਲਾਈ ਸੈਂਟਰ ਦੇ ਮੈਂਬਰ ਸ਼ਾਮਿਲ ਸੀ ਤੇ ਇਨਾਂ ਨੂੰ ਤਬਾਹੀ, ਗੜਬੜੀ ਫੈਲਾਉਣ ਲਈ ਦਿੱਲੀ ਭੇਜਿਆ ਸੀ।

ਸਿਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਅਨੁਸਾਰ ਅਕਬਰ ਰੋਡ ਵਿਖੇ 31 ਅਕਤੂਬਰ 1984 ਨੂੰ ਕਾਂਗਰਸ ਦੀ ਨਾਪਾਕ ਇਰਾਦਿਆਂ ਵਾਲੀ ਮੀਟਿੰਗ ਵਿਚ ਸ਼ਾਮਿਲ ਹੋਣ ਵਾਲੇ ਗਵਾਹ ਵਲੋਂ ਦਿੱਤਾ ਗਿਆ ਬਿਆਨ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਹ ਇਸ ਗਲ ਦਾ ਸਪਸ਼ਟ ਦੇ ਸਿੱਧਾ ਸਬੂਤ ਹੈ ਕਿ ਨਵੰਬਰ 1984 ਵਿਚ ਸਿਖਾਂ ਦੀ ਨਸਲੁਕਸ਼ੀ ਹਮਲਿਆਂ ਦੀ ਸਾਜਿਸ਼ ਕਾਂਗਰਸ (ਆਈ) ਤੇ ਇਸਦੇ ਆਗੂਆਂ ਨੇ ਰਚੀ ਸੀ ਤੇ ਵੱਧ ਤੋਂ ਵੱਧ ਸਿਖਾਂ ਨੂੰ ਮਾਰਨ ਦਾ ਨਿਸ਼ਾਨ ਹਾਸਿਲ ਕਰਨ ਲਈ ਪਾਰਟੀ ਨੇ ਕਾਂਗਰਸੀ ਵਰਕਰਾਂ, ਪੁਲਿਸ, ਪ੍ਰਸ਼ਾਸਨਿਕ ਅਧਿਕਾਰੀ ਤੇ ਹੋਰ ਹਰ ਸੰਭਵ ਸਾਧਨ ਨੂੰ ਵਰਤਿਆ ਸੀ। ਅਟਾਰਨੀ ਪੰਨੂ ਨੇ ਕਿਹਾ ਕਿ ਨਵੰਬਰ 1984 ਵਿਚ ਸਿਖਾਂ ’ਤੇ ਹਮਲੇ ਦੰਗੇ ਨਹੀਂ ਸੀ ਸਗੋਂ ਉਸ ਵੇਲੇ ਸੱਤਾ ’ਤੇ ਕਾਬਜ ਰਹੀ ਕਾਂਗਰਸ (ਆਈ) ਵਲੋਂ ਸੋਚੀ ਸਮਝੀ ਸਾਜਿਸ਼ ਤਹਿਤ ਯੋਜਨਾਬੱਧ ਤਰੀਕੇ ਨਾਲ ਸਿਖਾਂ ਦੀ ਕੀਤੀ ਗਈ ਨਸਲਕੁਸ਼ੀ ਸੀ। ਉਨ੍ਹਾਂ ਨੇ ਕਿਹਾ ਉਕ ਵਿਅਕਤੀ ਦਾ ਫਿਲਹਾਲ ਨਾਂਅ ਨਸ਼ਰ ਨਹੀਂ ਕੀਤਾ ਜਾ ਸਕਦਾ ਤੇ ਉਸ ਵਲੋਂ ਦਿੱਤਾ ਗਿਆ ਬਿਆਨ ਸਪਸ਼ਟ ਗਵਾਹੀ ਭਰਦਾ ਹੈ ਕਿ ਨਵੰਬਰ 1984 ਵਿਚ ਸਿਖਾਂ ’ਤੇ ਹੋਏ ਹਮਲੇ ਦੰਗੇ ਨਹੀਂ ਸਨ ਸਗੋਂ ਉਸ ਵੇਲੇ ਸੱਤਾ ’ਤੇ ਕਾਬਜ ਕਾਂਗਰਸ (ਆਈ) ਵਲੋਂ ਯੋਜਨਾ ਬੱਧ ਤਰੀਕੇ ਨਾਲ ਕੀਤੀ ਗਈ ਨਸਲਕੁਸ਼ੀ ਸੀ।

ਅਟਾਰਨੀ ਪੰਨੂ ਨੇ ਅੱਗੇ ਕਿਹਾ ਕਿ ਨਵੰਬਰ 1984 ਨਸਲਕੁਸ਼ੀ ਵਿਚ ਕਾਂਗਰਸ (ਆਈ) ਦੀ ਸ਼ਮੂਲੀਅਤ ਬਾਰੇ ਇਸ ਗਵਾਹ ਦਾ ਬਿਆਨ ਉਨ੍ਹਾਂ ਬਿਆਨਾਂ ਨਾਲ ਪੂਰੀ ਤਰਾਂ ਮੇਲ ਖਾਂਦਾ ਹੈ ਜੋ ਕਿ ਭਜਨ ਲਾਲ ਦੀ ਸ਼ਮੂਲੀਅਤ ਤੇ ਹੋਂਦ ਚਿਲੜ ਪਿੰਡ ਵਿਚ ਕਾਤਲਾਂ ਨੂੰ ਲਿਜਾਣ ਲਈ ਹਰਿਆਣਾ ਟਰਾਂਸਪੋਰਟ ਦੀ ਬਸਾਂ ਦੀ ਵਰਤੋਂ ਕਰਨ ਸੰਬਧੀ ਦਿੱਤੇ ਗਏ ਸੀ।

ਮੈਂ [redacted] ਪੁੱਤਰ [redacted] ਨਵੀਂ (ਦਿੱਲੀ) ਦਾ ਵਸਨੀਕ ਹਾਂ। [redacted] । [redacted] । ਮੈਂ ਹਰ ਸਾਲ [redacted] ।

ਜਦੋਂ ਮੈਂ ਕਾਲਜ ਦਾ ਵਿਦਿਆਰਥੀ ਸੀ ਮੈਂ ਕਾਂਗਰਸ ਪਾਰਟੀ ਦੀ ਯੂਥ ਵਿੰਗ ਨਾਲ ਜੁੜਿਆ ਹੋਇਆ ਸੀ। ਮੈਂ 1975 ਵਿਚ ਪਾਰਟੀ ਦੀ ਮਦਦ ਨਾਲ ~~ਨਾਲ~~ ਕਾਲਜ ਦੀ ਵਿਦਿਆਰਥੀ ਐਸੋਸੀਏਸ਼ਨ ਦੀ ਪ੍ਰਧਾਨਗੀ ਕਰਦੀ ਹੋਇਆ ਇਲੈਕਸ਼ਨ ਵਿਚ ਜਿੱਤਿਆ ਗਿਆ। ਅਤੇ ਪਾਰਟੀ ਦੀਆਂ ਰੈਲੀਆਂ ਵਿਚ ਸ਼ਾਮਲ ਹੁੰਦਾ।

See back page for this paragraph.

31 ਅਕਤੂਬਰ 1984 ਨੂੰ ਸ੍ਰੀਮਤੀ ਇੰਦਰਾ ਗਾਂਧੀ ਦੀ ਮੌਤ ਮਗਰੋਂ ਕਾਂਗਰਸ ਪਾਰਟੀ ਦੇ ਲੀਡਰਾਂ ਨੇ ਹਿੰਦੂ-ਸਿੱਖ ਦੰਗੇ ~~ਭੜਕਾਉਣ ਲਈ ਮੀਟਿੰਗ ਸਾਰੀ~~ 24 ਅਕਬਰ ਰੋਡ ਤੇ ਨਵੀਂ ਦਿੱਲੀ ਵਿਚ ਮੀਟਿੰਗ ਦਾ ਇੰਤਜ਼ਾਮ ਕੀਤਾ। ਮੈਂ ਉਸ ਵਿਚਾਰ ਅਤੇ ਮੀਟਿੰਗ ਵਿਚ ਜਗਦੀਸ਼ ਟਾਈਟਲਰ, ਸੱਜਣ ਕੁਮਾਰ, ਲਲਿਤ ਮਾਕਨ ਅਤੇ ਕੇ ਐਲ ਭਗਤ ਸ੍ਰੀ ਦਰਜਨਾਂ ਹੋਰ ਲੀਡਰ ਸ਼ਾਮਲ ਸਨ।

ਇਨ੍ਹਾਂ ਲੀਡਰਾਂ ਨੇ ਦੱਸੇ ਸਾਰੇ ਸੱਜਣਾਂ ਨੂੰ ~~[illegible]~~ ਜੋ ਇਸ ਮੀਟਿੰਗ ਵਿਚ ਹਾਜ਼ਰ ਸਨ ਨੂੰ ਦੱਸਿਆ ਕਿ ਅਸੀਂ ਇੰਦਰਾ ਗਾਂਧੀ ਦੀ ਮੌਤ ਦਾ ਬਦਲਾ ਲਵਾਂਗੇ। ਉਨ੍ਹਾਂ ਨੇ ਸੱਜਣਾਂ ਨੂੰ ਦੱਸਿਆ ਕਿ ਜਿਨ੍ਹਾਂ ਨੇ ਇੰਦਰਾ ਗਾਂਧੀ ਦਾ ਕਤਲ ਕੀਤਾ ਹੈ ਉਹ ~~ਸਾਰੀ ਹੀ~~ ਸਾਰੇ ਹੀ ਸਿੱਖ ਹਨ ਸਾਰੇ ਸਿੱਖਾਂ ਨੂੰ ਸਬਕ ਸਿਖਾਉਣਾ ਹੈ ਤੇ ਘਰ ਤੇ ਗੁਰਦੁਆਰੇ ਜਲਾ ਦਿੱਤੇ ਜਾਣ। ਇਹ ਹਿਦਾਇਤ ਮਿਲਣ ਮਗਰੋਂ ਅਸੀਂ ਸਭ ਨੇ ਮੈਂ ਸਾਥੀਆਂ ਨਾਲ ਸਲਾਹ ਕੀਤੀ+

I, [redacted] do hereby solemnly affirm and declare as under: -

1. That in October/November1984, I was living with my family at the abovementioned address.

2. That I was a [redacted] 1984 and was an active worker for the said party.

3. That on 1-11-84, at about 10 – 10:15 AM, a mob consisting of about at least 500 persons came to our area shouting slogans like, "Khoon Ka Badla Khoon, Sardar Gaddar Hai (Sardars are traitors and we shall not spare them). They were in such an angry and violent mood that they started pelting stones on the houses of Sikh residents of that area including our house. On seeing this, many Sikhs gathered outside their houses to protect themselves and their properties from the mob and they also started pelting stones on the mob to scare and disperse them. But the mob did not disperse despite our collective resistance to their acts of violence and destruction.

4. That some 15 – 20 police personnel of P.A.C. were present at the spot but they instead of controlling and dispersing the mob asked us to go back to our houses otherwise they will fire on us. Fearing this, we Sikhs returned to our home and were not allowed to come out of our houses. After the police had forced us back to our homes they instigated the mob to continue with their activities and immediately thereafter the mob started looting and burning the houses and shops belonging to the Sikhs. Even the vehicles belonging to Sikhs were not spared and were burnt by throwing some white powder on them.

5. That the adjoining colonies of Hari Nagar Ashram such as Sunlight Colony and Siddharth Basti were strong holds of Congress (I) and the residents of these areas were infuriated on the assassination of Smt. Indira Gandhi our late Prime Minister. They also had joined the violent mobs carrying lathis, sariyas, iron rods and inflammable items like kerosene oil and white powder.

6. That violence and destruction continued throughout the day on 1-11-84. On 2-11-84, again at about 11 AM, one train came and halted on the railway line adjoining our colony and Gujjars in large groups alighted from the train. They were thousands in number and were all armed with identical lathis and iron rods. They immediately formed groups and started indulging in arson, looting, killing and burning of Sikhs including their properties. One of the Gujjars who was the member of this mob was caught by me and some other Sikhs who were trying to protect themselves from them. On being caught one identity card of Haryana Police was recovered from him, which was a clear indication and evidence that the mob to which he belonged were members of Madhuban police training center near Karnal in Haryana and they were sent to Delhi to create chaos, lawlessness and destruction. This mob damaged various houses and killed 6 – 7 Sikhs in Hari Nagar Ashram. These Sikhs were burnt alive. Four

members of one Sikh family were initially injured and then burnt alive in their own house. Three Sikh bodies were lying on the railway track and when we went to collect these bodies for their cremation we were forced back to our houses by the police. At that time, I saw a stray dog gnawing on one of the severed leg of a dead body of Sikh.

7. That three trucks belonging to [redacted] which were parked in [redacted] area were burnt [redacted] received no compensation. [redacted] partially burnt and looted.

8. That [redacted] we were ultimately rescued by the Army at about 4 PM in the evening from where we were shifted to Gurdwara where we stayed for the period of 2 months.